Ontario

# 2008
# ਆਂਟੇਰੀਓ ਬਜਟ

## ਵੱਧ ਰਿਹਾ
## ਮਜ਼ਬੂਤ ਆਂਟੇਰੀਓ







## ਮੁੱਖ ਨੁਕਤੇ




2008
ਆਂਟੇਰੀਓ ਬਜਟ
ਵੱਧ ਰਿਹਾ
ਮਜ਼ਬੂਤ ਆਂਟੇਰੀਓ


ਮੈਗੁਇੰਟੀ ਸਰਕਾਰ ਦਾ ਵਿਸ਼ਵਾਸ ਹੈ ਕਿ ਪਰਾਂਤ ਲਈ ਆਪਣੀਆਂ ਸੰਭਾਵਨਾਵਾਂ ਤੀਕ ਪਹੁੰਚ ਕਰਨ ਵਾਸਤੇ ਸਭ ਤੋਂ ਵਧੀਆ ਢੰਗ ਲੋਕਾਂ ਲਈ ਨਿਵੇਸ਼ ਕਰਨਾ ਹੈ। ਆਰਥਕ ਵਾਧਾ ਕਰਨ ਅਤੇ ਨੌਕਰੀਆਂ ਪੈਦਾ ਕਰਨ ਨੂੰ ਉਤਸ਼ਾਹਤ ਕਰਨ ਲਈ ਬਜਟ 2008 ਹੁਨਰਾਂ, ਬੁਨਿਆਦੀ ਢਾਂਚੇ ਅਤੇ ਨਵੀਨਤਾ ਲਈ ਭਾਰੀ ਨਿਵੇਸ਼ ਕਰਦਾ ਹੈ।

### ਹੁਨਰਾਂ ਲਈ ਨਿਵੇਸ਼ ਕਿਉਂ ਕੀਤਾ ਜਾਵੇ?

ਤਾ ਕਿ ਲੋਕ ਚੰਗੀ ਤਨਖ਼ਾਹ ਵਾਲੀਆਂ, ਲੰਮੀ ਮਿਆਦ ਲਈ ਅਜਿਹੀਆਂ ਨੌਕਰੀਆਂ ਹਾਸਲ ਕਰ ਸਕਣ ਜੋ ਆਰਥਕਤਾ ਦੀਆਂ ਬਦਲਦੀਆਂ ਲੋੜਾਂ ਨਾਲ ਮੇਚ ਖਾਂਦੀਆਂ ਹੋਣ।

- $1.5 ਬਿਲੀਅਨ ਦੀ ਤਿੰਨ ਸਾਲਾ ਸਕਿੱਲਜ਼ ਟੂ ਜਾਬ ਐਕਸ਼ਨ ਪਲੈਨ (Skills to jobs Action Plan) ਨਵੇਂ ਪੇਸ਼ਿਆਂ ਲਈ ਨਵੇਂ ਹੁਨਰ ਮੁਹੱਈਆ ਕਰੇਗੀ ਅਤੇ ਪੋਸਟ-ਸੈਕੰਡਰੀ ਵਿਦਿਆਰਥੀ ਸਹਾਇਤਾ ਤੇ ਸਿਖਿਆ ਦੇ ਪ੍ਰੋਗਰਾਮਾਂ ਦਾ ਵਿਸਥਾਰ ਕਰੇਗੀ ਅਤੇ ਸਿਖਿਆ ਪ੍ਰਾਪਤ ਕਰਨ ਲਈ ਸਥਾਨਾਂ ਦੀ ਉਸਾਰੀ ਕਰੇਗੀ ਜਿੰਨ੍ਹਾਂ ਵਿੱਚ ਹੇਠ ਦਰਜ ਸ਼ਾਮਲ ਹਨ:
  - 20,000 ਬੇਰੁਜ਼ਗਾਰ ਵਰਕਰਾਂ ਲਈ ਨਵੇਂ ਤੇ ਚੰਗੇਰੇ ਪੇਸ਼ਿਆਂ ਵਾਸਤੇ ਲੰਮੀਂ ਮਿਆਦ ਦੀ ਸਿਖਲਾਈ ਲਈ $355 ਮਿਲੀਅਨ ਦੀ ਲਾਗਤ ਦੀ ਤਿੰਨ ਸਾਲਾਂ ਦੌਰਾਨ ਸੈਕੰਡ ਕੈਰੀਅਰ ਸਟ੍ਰੈਟਜੀ (Second Career Strategy)
  - ਸ਼ਗਿਰਦਾਂ ਦੀ ਗਿਣਤੀ ਵਿੱਚ ਵਾਧਾ ਕਰਨ ਲਈ ਤਿੰਨਾਂ ਸਾਲਾਂ ਦੌਰਾਨ $75 ਮਿਲੀਅਨ।

### ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕਿਉਂ ਕੀਤਾ ਜਾਵੇ?

ਤਾ ਕਿ ਲੋਕ ਹਾਈਵੇਜ਼, ਸੜਕਾਂ, ਪੁਲ਼ਾਂ ਰਾਹੀਂ ਲੋਕ ਅਤੇ ਮਾਲ ਤੇਜ਼ੀ ਨਾਲ ਅਤੇ ਕੁਸ਼ਲਤਵਾ ਨਾਲ ਆ-ਜਾ ਸਕਣ। ਤਾ ਕਿ ਸਿਖਣ ਵਿੱਚ ਮਦਦ ਲਈ ਵਿਦਿਆਰਥੀਆਂ ਕੋਲ ਨਵੀਨਤਮ ਸਹੂਲਤਾਂ ਅਤੇ ਸਭ ਤੋਂ ਵਧੀਆਂ ਤਕਨੌਲੋਜੀ ਹੋਵੇ। ਤਾ ਕਿ ਲੋਕਾਂ ਕੋਲ ਰਹਿਣ ਲਈ ਮੁਨਾਸਬ ਸਥਾਨ ਹੋਣ। 2007-08 ਵਿੱਚ:

- ਗਰੇਟਰ ਟੁਰਾਂਟੋ ਏਰੀਏ ਅਤੇ ਹੈਮਿਲਟਨ ਵਿੱਚ ਪਬਲਿਕ ਟਰਾਂਜ਼ਿਟ ਵਾਸਤੇ $497 ਮੀਲੀਅਨ
- ਟੁਰਾਂਟੋ ਤੋਂ ਬਾਹਰ ਵੱਸਦੀਆਂ ਕਮਿਊਨਿਟੀਆਂ ਦੀਆਂ ਮਿਊਂਸਿਪੈਲਟੀਆਂ ਦੀਆਂ ਸੜਕਾਂ ਅਤੇ ਪੁਲ਼ਾਂ ਵਾਸਤੇ $400 ਮਿਲੀਅਨ।
- ਸੋਸ਼ਲ ਹਾਊਜ਼ਿਮਗ ਯੂਨਿਟਾਂ ਨੂੰ ਮੁੜ-ਰਿਹਾਇਸ਼ ਦੇ ਯੋਗ ਬਣਾਉਣ ਲਈ $100 ਮਿਲੀਅਨ, ਇਸ ਵਿੱਚ ਊਰਜਾ ਵਿੱਚ ਕੁਸ਼ਲਤਾ ਲਿਆਉਣੀ ਵੀ ਸ਼ਾਮਲ ਹੈ।

### ਮੁਕਾਬਲੇ ਵਿੱਚ ਕਿਉਂ ਨਿਵੇਸ਼ ਕੀਤਾ ਜਾਵੇ?

ਤਾ ਕਿ ਕਾਰੋਬਾਰ ਵਧ-ਫੁਲ ਸਕਣ ਅਤੇ ਰਾਸ਼ਟਰੀ ਅਤੇ ਅੰਤ੍ਰਰਾਸ਼ਟਰੀ ਪੱਧਰ ਉੱਤੇ ਮੁਕਾਬਲੇ ਵਿੱਚ ਕਾਇਮ ਰਹਿ ਸਕਣ।.

- ਕਾਰੋਬਾਰ ਦੇ ਵਾਧੇ ਨੂੰ ਉਤਸ਼ਾਹਤ ਕਰਨ ਲਈ, ਖ਼ਾਸ ਕਰ ਨਿਰਮਾਣ ਅਤੇ ਸਾਧਨਾਂ ਦੇ ਖੇਤਰਾਂ ਵਿੱਚ, ਚਾਰ ਸਾਲਾਂ ਦੌਰਾਨ $750 ਮਿਲੀਅਨ ਦੇ ਤਜਵੀਜ਼ਸ਼ੁਦਾ ਟੈਕਸ
- ਅਜਿਹੀਆਂ ਕਾਰਪੋਰੇਸ਼ਨਾਂ, ਜੋ ਯੋਗ ਕੈਨੇਡੀਅਨ ਯੂਨੀਵਰਸਿਟੀਆਂ, ਕਾਲਜਾਂ ਜਾਂ ਖੋਜ ਸੰਸਥਾਵਾਂ ਵੱਲੋਂ ਉਤਮ ਦਰਜੇ ਦੀਆਂ ਸੰਪਤੀਆਂ ਦੇ ਵਿਕਾਸ ਦਾ ਵਿਪਾਰੀਕਰਣ ਕਰਦੀਆਂ ਹੋਣ, ਉਨ੍ਹਾਂ ਨੂੰ 10 ਸਾਲ ਲਈ ਆਂਟੇਰੀਓ ਟੈਕਸ ਤੋਂ ਛੋਟ ਦੇਣ ਦੀ ਤਜਵੀਜ਼
- ਆਂਟੇਰੀਓ ਅੰਦਰ ਕਾਰੋਬਾਰਾਂ ਵਿੱਚ ਕਾਗ਼ਜ਼ ਦੀ ਬਹੁਤਾਤ ਨੂੰ ਘਟਾਉਣ ਲਈ ਵਨਿਯਮਾਂ ਦਾ ਨਵੀਨਕਰਨ.

www.ontariobudget.ca

www.ontariobudget.ca

### ਆਂਟੇਰੀਓ ਬਜਟ 2008 ਬਾਰੇ ਵਧੇਰੇ ਜਾਣਕਾਰੀ

ਆਂਟੇਰੀਓ ਬਜਟ 2008 ਬਾਰੇ ਪੁੱਛ-ਗਿੱਛ ਕਰਨ ਲਈ ਸੰਪਰਕ ਕਰੋ:
ਮਨਿਸਟਰੀ ਆਫ਼ ਫ਼ੀਨੈਂਸ ਇਨਫ਼ਰਮੇਸ਼ਨ ਸੈਂਟਰ

ਅੰਗਰੇਜ਼ੀ ਅਤੇ ਫ਼ਰੈਚ ਵਿੱਚ ਪੁੱਛ-ਗਿੱਛ:
ਟੋਲ ਫ੍ਰੀ:1-800-337-7222
ਟੀਟੀਵਾਈ ਟੋਲ ਫ੍ਰੀ 1-800-263-7776

ਇਸ ਬਜਟ਼ ਦੀਆਂ ਨਕਲਾਂ ਇੰਟਰਨੈਟ ‘ਤੇ ਹਾਸਲ ਕਰਨ ਲਈ ਸਾਡੀ ਵੈੱਬਸਾਈਟ ਵੇਖੋ: www.ontariobudget.ca

ਪ੍ਰਕਾਸ਼ਤ ਨਕਲਾਂ ਹੇਠ ਦਰਜ ਪਤੇ ਤੇ ਫ਼ੌਨ ਤੋਂ ਮਿਲਦੀਆਂ ਹਨ:

ServiceOntario Publications
777 Bay Street, Market Level
Toronrot, Ontario
M5G 2C8

ਟੈਲੀਫ਼ੋਨ: 416-326-5300
ਟੋਲ ਫ੍ਰੀ: 1-800-668-9938
ਟੀਟੀਵਾਈ ਟੋਲ ਫ੍ਰੀ; 1-800-268-7095

www.publications.serviceontario.ca

ਅਦਾਇਗੀ ਆਂਟੇਰੀਓ ਸਰਕਾਰ ਵੱਲੋਂ ਕੀਤੀ ਗਈ ਹੈ

Punjabi





# 2008 ਆਂਟੇਰੀਓ ਬਜਟ

## ਵਧ ਰਿਹਾ ਮਜ਼ਬੂਤ ਆਂਟੇਰੀਓ

### ਕਾਢਾਂ ਕੱਢਣ ਲਈ ਨਿਵੇਸ਼ ਕਿਉਂ ਕੀਤਾ ਜਾਵੇ?

ਤਾ ਕਿ ਲੋਕ ਆਪਣੇ ਵਿਚਾਰਾਂ ਨੂੰ ਨਵੀਆਂ ਵਸਤਾਂ ਅਤੇ ਸੇਵਾਵਾਂ ਵਿੱਚ ਬਦਲ ਸਕਣ.

- ਆਂਟੇਰੀਓ ਦੀਆਂ ਸੰਸਥਾਵਾਂ ਦੇ ਖੋਜ ਸੰਬੰਧਤ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕਰਨ ਲਈ ਅਗਲੇ ਪੰਜ ਸਾਲਾਂ ਦੌਰਾਨ ਆਂਟੇਰੀਓ ਰਿਸਰਚ ਫੰਡ ਲਈ $250 ਮਿਲੀਅਨ
- ਆਂਟੇਰੀਓ ਦੀ ਆਰਥਕਤਾ ਵਿੱਚ ਨਵੀਨਤਾ ਨੂੰ ਉਤਸ਼ਾਹਤ ਕਰਨ ਲਈ $42.5 ਮਿਲੀਅਨ ਦੇ ਨੀਤੀਗਤ ਨਿਵੇਸ਼।

### ਕਾਰੋਬਾਰ ਅਤੇ ਉਦਯੋਗ ਦੇ ਖੇਤਰਾਂ ਵਿੱਚ ਨਿਵੇਸ਼ ਕਿਉਂ ਕੀਤਾ ਜਾਵੇ?

ਤਾ ਕਿ ਲੋਕ ਚੰਗੀ ਤਨਖ਼ਾਹ ਵਾਲੀਆਂ ਤੇ ਲੰਮੀਂ ਮਿਆਦ ਲਈ ਨੌਕਰੀਆਂ ਹਾਸਲ ਕਰ ਸਕਣ।

- ਨੌਕਰੀਆਂ ਲਈ ਫੰਡ ਦੀ ਅਗਲੀ ਪੁਸ਼ਤ (Next generation of Jobs Fund) ਦੇ ਪੰਜ ਸਾਲਾ $1.15 ਬਿਲੀਅਨ ਫੰਡ ਨਾਲ ਨਵੇਂ ਨਿਵੇਸ਼ ਅਤੇ ਨੌਕਰੀਆਂ ਨੂੰ ਸੁਰੱਖਿਅਤ ਕੀਤਾ ਜਾਵੇਗਾ।
- ਸਰਕਾਰ ਦੀਆਂ ਅਰੰਭਕ ਕਾਰਵਾਈਆਂ ਅਜਿਹੇ ਕੁੰਜੀਵੰਤ ਖੇਤਰਾਂ ਦੀ ਮਦਦ ਕਰਨਗੀਆਂ ਜਿਵੇਂ ਕਿ ਵਿੱਤੀ ਸੇਵਾਵਾਂ, ਮਨੋਰੰਜਣ ਅਤੇ ਸਿਰਜਣਾਤਮਕ ਝੁੰਡ, ਸੈਰ ਸਪਾਟਾ, ਨਿਰਮਾਣ, ਖਾਣਾਂ ਦੀ ਖੁਦਾਈ, ਵਣ ਵਿਗਿਆਨ ਅਤੇ ਖੇਤੀ-ਬਾੜੀ ਤਾ ਕਿ ਤੇਜ਼ੀ ਨਾਲ ਬਦਲ ਰਹੀ ਇਸ ਵਿਸ਼ਵ ਮੰਡੀ ਵਿੱਚ ਉਹ ਮੁਕਾਬਲੇ ਵਿੱਚ ਖੜੇ ਰਹਿ ਸਕਣ।

### ਵਿਦਿਆ ਵਿੱਚ ਨਿਵੇਸ਼ ਕਿਉਂ ਕੀਤਾ ਜਾਵੇ?

ਤਾ ਕਿ ਬੱਚੇ ਸਿੱਖ ਸਕਣ ਅਤੇ ਆਪਣੀਆਂ ਸੰਭਾਵਨਾਵਾਂ ਤੀਕ ਪਹੁੰਚ ਹਾਸਲ ਕਰ ਸਕਣ.

- ਸਕੂਲ ਬੋਰਡਾਂ ਨੂੰ $18.8 ਬਿਲੀਅਨ ਦੀਆਂ ਗਰਾਂਟਾਂ, ਇਹ 2008-09 ਦੇ ਮੁਕਾਬਲੇ 20 ਪ੍ਰਤੀਸ਼ਤ ਵਾਧਾ ਹੈ
- 2008-09 ਵਿੱਚ ਇੱਕ ਵਿਦਿਆਰਥੀ ਪਿੱਛੇ ਔਸਤਨ ਫੰਡ $9,821, ਇਹ 2003-04 ਤੋਂ 24 ਪ੍ਰਤੀਸ਼ਿਤ ਵਾਧਾ ਹੈ
- ਸਾਖਰਤਾ ਦੇ ਪ੍ਰੋਗਰਾਮਾਂ ਅਤੇ ਵਿਸ਼ੇਸ਼ ਵਿਦਿਅਕ ਲੋੜਾਂ ਵਾਲੇ ਬੱਚਿਆਂ ਲਈ ਵਧੇਰੇ ਫੰਡ।

### ਸੇਹਤ ਵਿੱਚ ਨਿਵੇਸ਼ ਕਿਉਂ ਕੀਤਾ ਜਾਵੇ?

ਤਾ ਕਿ ਲੋਕ ਤੰਦਰੁਸਤ ਰਹਿਣ ਅਤੇ ਬਿਮਾਰ ਹੋਣ ਦੀ ਸੂਰਤ ਵਿੱਚ ਸਭ ਤੋਂ ਵਧੀਆ ਸੰਭਾਲ ਪ੍ਰਾਪਤ ਕਰਨ

- ਪਹੁੰਚ ਕਰਨ, ਉਡੀਕ ਦਾ ਸਮਾਂ ਘਟਾਉਣ, ਤੰਦਰੁਸਤੀ ਨੂੰ ਉਤਸ਼ਾਹਤ ਕਰਨ ਅਤੇ ਬਿਮਾਰੀ ਦੀ ਰੋਕ-ਥਾਮ ਕਰਨ ਵਿੱਚ ਸੁਧਾਰ ਲਿਆਉਣ ਲਈ 2008-09 ਦੇ ਨਿਵੇਸ਼ਾਂ ਵਿੱਚ ਸੇਹਤ ਸੰਭਾਲ ਲਈ $40.4 ਬਿਲੀਅਨ।



### ਬੱਚਿਆਂ ਅਤੇ ਪਰਿਵਾਰਾਂ ਲਈ ਨਿਵੇਸ਼ ਕਿਉਂ ਕੀਤਾ ਕਾਵੇ?

ਤਾ ਕਿ ਬੱਚੇ ਜੀਵਨ ਦਾ ਅਰੰਭ ਸਭ ਤੋਂ ਵਧੀਆ ਕਰ ਸਕਣ, ਘੱਟ ਆਮਦਨੀ ਵਾਲੇ ਆਂਟੇਰੀਓ ਵਾਸੀ ਨੌਕਰੀਆਂ ਹਾਸਲ ਕਰ ਸਕਣ ਅਤੇ ਆਪਣੇ ਪਰਿਵਾਰਾਂ ਦਾ ਪਾਲਣ-ਪੋਸਣ ਕਰ ਸਕਣ ਅਤੇ ਸਿਨੀਅਰ ਵਿਅਕਤੀ ਇਜ਼ਤ ਨਾਲ ਜਿਉਂ ਸਕਣ।

- ਘੱਟ ਆਮਦਨੀ ਵਾਲੇ ਪਰਿਵਾਰਾਂ ਨੂੰ ਦੇਂਦਾਂ ਸੰਬੰਧੀ ਸੇਵਾਵਾਂ ਮੁਹੱਈਆ ਕਰਨ ਲਈ ਤਿੰਨਾਂ ਸਾਲਾਂ ਦੌਰਾਨ $135 ਮਿਲੀਅਨ
- ਵਿਦਿਆਰਥੀਆਂ ਲਈ ਪੁਸ਼ਟ ਭੋਜਨ ਪ੍ਰੋਗਰਾਮ ਵਾਸਤੇ ਤਿੰਨ ਸਾਲਾਂ ਦੋਰਾਨ $32 ਮਿਲੀਅਨ ਜਿਹੜੀ ਰਕਮ ਮੌਜੂਦਾ ਸਾਲਾਨਾ ਫੰਡਾਂ ਤੋਂ ਦੁਗਣੀ ਹੈ
- ਘੱਟ ਅਤੇ ਦਰਮਿਆਨੀ ਆਮਦਨੀ ਵਾਲੇ ਸਿਨੀਅਰ ਮਾਲਕ ਮਕਾਨਾਂ ਨੂੰ ਪੰਜ ਸਾਲਾਂ ਦੌਰਾਨ ਸਾਲ ਵਿੱਚ $500 ਤਕ ਦੀ ਨਵੀਂ ਪਰਾਪਰਟੀ ਟੈਕਸ ਲਈ ਤਜਵੀਜ਼ਸ਼ੁਦਾ ਗਰਾਂਟ ਵਜੋਂ $1 ਬਿਲੀਅਨ।

### ਪੋਸਟ-ਸੈਕੰਡਰੀ ਵਿਦਿਆ ਲਈ ਨਿਵੇਸ਼ ਕਿਉਂ ਕੀਤਾ ਜਾਵੇ?

ਤਾ ਕਿ ਆਂਟੇਰੀਓ ਕੋਲ ਸਭ ਤੋਂ ਵਧੀਆ ਪੜ੍ਹੇ-ਲਿਖੇ ਅਤੇ ਉੱਚੇ ਹੁਨਰ ਵਾਲੇ ਕਾਮੇਂ ਹੋਣ।

- ਆਪਣੀਆਂ ਪੋਸਟ-ਸੈਕੰਡਰੀ ਸੰਸਥਾਵਾਂ ਦੀ ਉਚਤਮ ਪੱਧਰ ਕਾਇਮ ਰੱਖਣ ਵਾਸਤੇ ਉਸਾਰੀਆਂ ਕਰਨ ਅਤੇ ਉਨ੍ਹਾਂ ਦੀ ਮੁਰੰਮਤ ਕਰਨ ਲਈ ਤਿੰਨ ਸਾਲਾਂ ਦੌਰਾਨ $970 ਮਿਲੀਅਨ
- ਪੋਸਟ-ਸੈਕੰਡਰੀ ਵਿਦਿਆਰਥੀਆਂ ਲਈ ਸਹਾਇਤਾ ਵਿੱਚ ਸੁਧਾਰ ਕਰਨ ਅਤੇ ਪੋਸਟ-ਸੈਕੰਡਰੀ ਵਿਦਿਆ ਵਿੱਚ ਸ਼ਮੂਲੀਅਤ ਵਧਾਉਣ ਦੇ ਦੂਜੇ ਪ੍ਰੋਗਰਾਮਾਂ ਵਾਸਤੇ ਤਿੰਨ ਸਾਲਾਂ ਦੌਰਾਨ $465 ਮਿਲੀਅਨ।

### ਵਾਤਾਵਰਣ ਲਈ ਨਿਵੇਸ਼ ਕਿਉਂ ਕੀਤਾ ਜਾਵੇ?

ਤਾ ਕਿ ਸਾਡੇ ਲਈ ਸਾਫ਼ ਹਵਾ, ਪਾਣੀ ਅਤੇ ਜ਼ਮੀਨ ਹੋਵੇ ਅਤੇ ਮੌਸਮਾਂ ਦੀਆਂ ਤਬਦੀਲੀਆਂ ਨਾਲ ਨਜਿੱਠਿਆ ਜਾਵੇ।

- ਜ਼ਹਿਰੀਲੇ ਪਦਾਰਥਾਂ ਵਿਰੁੱਧ ਕਨੂੰਨ ਬਣਾਉਣ ਅਤੇ ਜ਼ਹਿਰੀਲੇ ਪਦਾਰਥਾਂ ਨੂੰ ਘਟਾਉਣ ਦੀ ਨੀਤੀ ਦੀ ਹਮਾਇਤ ਕਰਨ ਲਈ ਚਾਰ ਸਾਲਾਂ ਦੌਰਾਨ $41 ਮਿਲੀਅਨ
- ਏਨਰਜੀ ਸਟਾਰ (ENERGY STAR®) ਅਨੁਸਾਰ ਯੋਗ ਉਪਕਰਨਾਂ ਅਤੇ ਰੌਸ਼ਨੀ ਲਈ ਬਲਬਾਂ ਉੱਤੇ ਰਿਟੇਲ ਸੇਲਜ਼ ਟੈਕਸ ਦੀ ਛੋਟ ਦੇ ਸਮੇਂ ਨੂੰ ਅਗਸਤ 2009 ਦੇ ਅੰਤ ਤੀਕ ਵਧਾਉਣ ਦੀ ਤਜਵੀਜ਼।